بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 16.10.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 16 ਅਕਤੂਰ ਸਨ 2015 ਈ. ਨੂੰ ਜਰਮਨੀ ਵਿੱਚ ਦਿੱਤਾ ।**

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਬੀਤੇ ਦਿਨੀ ਮੈਂ ਹਾਲੈਂਡ ਵਿੱਚ ਸੀ, ਓਥੇ ਮੈਂਨੂੰ ਇਕ ਜਨਰਲਿਸਟ ਕਹਿਣ ਲੱਗੇ ਕਿ ਕੀ ਜਮਾਤ ਅਹਮਦੀਆ ਦੁਨੀਆ ਵਿੱਚ ਸਭ ਤੋਂ ਅਧਿਕ ਵਧਣ ਵਾਲੀ ਜਮਾਤ ਹੈ । ਮੈਂ ਉਹਨਾਂ ਨੂੰ ਕਿਹਾ ਕਿ ਜੇਕਰ ਇਕ ਵਿਸ਼ਵਵਿਆਪੀ ਜਮਾਤ ਪੱਖੋਂ ਦੇਖੀਏ ਤਾਂ ਨਿਸ਼ਚੇ ਹੀ ਜਮਾਤ ਅਹਮਦੀਆ ਦੁਨੀਆਂ ਵਿੱਚ ਸਭ ਤੋਂ ਅਧਿਕ ਤਰੱਕੀ ਕਰਨ ਵਾਲੀ ਜਮਾਤ ਹੈ ਅਤੇ ਹੁਣ ਤਾਂ ਇਹ ਗੱਲ ਸਾਡੇ ਮੁਖਾਲਫ਼ ਵੀ ਮੰਨ੍ਹਦੇ ਹਨ ਅਤੇ ਇਹੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਚੱਾਈ ਦਾ ਬਹੁਤ ਵੱਡਾ ਪ੍ਰਮਾਣ ਹੈ ਕਿ ਭਾਰਤ ਦੇ ਇਕ ਛੋਟੇ ਜਿਹੇ ਪਿੰਡ ਵਿੱਚੋਂ ਉਠੱਣ ਵਾਲੀ ਅਵਾਜ਼ ਅੱਜ ਦੁਨੀਆ ਦੇ ਹਰ ਸ਼ਹਿਰ ਤੇ ਪਿੰਡ ਵਿੱਚ ਗੂੰਜ ਰਹੀ ਹੈ ਅਤੇ ਫਿਰ ਇਸ ਦੀ ਵਖੱਰੀ ਸ਼ਾਨ ਉਸ ਸਮੇਂ ਹੋਰ ਵੀ ਪ੍ਰਤੱਖ ਹੋ ਜਾਂਦੀ ਹੈ ਜੱਦ ਅਸੀਂ ਦੇਖਦੇ ਹਾਂ ਕਿ ਉਸ ਸਮੇਂ ਜੱਦ ਇਕ ਮਨੁੱਖ ਦੇ ਸੁਪਨਿਆ ਤੇ ਸੋਚ ਵਿੱਚ ਵੀ ਨਹੀ ਆ ਸਕਦਾ ਸੀ ਕਿ ਜਮਾਤ ਅਹਮਦੀਆ ਦੁਨੀਆ ਵਿੱਚ ਜਾਣੀ ਜਾਵੇ ਗੀ । ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਪੂਰਨ ਵਿਸ਼ਵਾਸ ਨਾਲ ਆਪਣੀਆਂ ਲੇਖਣੀਆਂ ਵਿੱਚ ਅਤੇ ਆਪਣੇ ਪਰਵਚਨਾ ਵਿੱਚ ਰੱਬ ਤੋਂ ਖ਼ਬਰ ਲੈਕੇ ਫ਼ਰਮਾਇਆ ਕਰਦੇ ਸਨ ਕਿ ਇਕ ਸਮਾਂ ਆਏਗਾ ਕਿ ਜਮਾਤ ਅਹਮਦੀਆ ਦੁਨੀਆ ਵਿੱਚ ਜਾਣੀ ਜਾਵੇਗੀ ਅਤੇ ਇਸ ਦਾ ਵਿਸਥਾਰ ਰੱਬ ਦੀ ਪੱਖਤਾ ਦਾ ਨਿਸ਼ਾਨ ਹੋਵੇਗਾ । ਸੋ, ਆਪ ਨੇ ਇਕ ਥਾਂ ਫ਼ਰਮਾਇਆ ਕਿ ਰੱਬ ਇਸ ਸਿਲਸਿਲੇ (ਜਮਾਤ) ਨੂੰ ਫੈਲਾ ਰਿਹਾ ਹੈ ਅਤੇ ਰੱਬ ਨੇ ਇੱਛਿਆ ਕੀਤੀ ਹੈ ਕਿ ਇਸ ਜਮਾਤ ਨੂੰ ਦੁਨੀਆ ਵਿੱਚ ਫੈਲਾਏ ਸਗੋਂ ਇਕ ਰਿਵਾਇਤ ਇਹ ਵੀ ਹੈ ਕਿ ਆਪ ਨੇ ਫ਼ਰਮਾਇਆ ਹੌਲੀ ਹੌਲੀ ਰੱਬ ਇਸ ਜਮਾਤ ਨੂੰ ਐਨ੍ਹਾ ਫ਼ੈਲਾ ਦੇਵੇਗਾ ਕਿ ਇਹ ਸਾਰਿਆਂ ਉਪੱਰ ਗ਼ਾਲਬ ਹੋਣਗੇ ਰੱਬ ਦੀ ਇਹੋ ਮਰਿਆਦਾ ਹੈ ਕਿ ਹਰ ਇਕ ਕੰਮ ਲੜੀਵਾਰ ਹੁੰਦਾ ਹੈ । ਆਪ ਨੇ ਫ਼ਰਮਾਇਆ ਕੋਈ ਰੁੱਖ ਐਨ੍ਹੀ ਛੇਤੀ ਫੱਲ ਨਹੀਂ ਲਿਆਉਂਦਾ ਜਿੰਨ੍ਹੀ ਛੇਤੀ ਸਾਡੀ ਜਮਾਤ ਤਰੱਕੀ ਕਰ ਰਹੀ ਹੈ ਇਹ ਰੱਬ ਦਾ ਚਮਤਕਾਰ ਤੇ ਮਾਨ ਹੈ ।

ਸੋ, ਅਸੀਂ ਤਾਂ ਇਸ ਈਮਾਨ ਉਪੱਰ ਕਾਇਮ ਹਨ ਅਤੇ ਨਿਸ਼ਚੇ ਹੀ ਹਰ ਅਹਮਦੀ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਪੱਰ ਸਚੱਾ ਈਮਾਨ ਰਖੱਦਾ ਹੈ ਇਸ ਗੱਲ ਉਪੱਰ ਕਾਇਮ ਹੈ ਕਿ ਜਿਵੇਂ ਰੱਬ ਨੇ ਕੇਵਲ 125 ਸਾਲ ਪਹਿਲਾਂ ਇਕ ਛੋਟੇ ਜਿਹੇ ਦੂਰ ਦੁਰਾਡੇ ਖੇਤਰ ਵਿੱਚੋਂ ਓਠੀ ਆਵਾਜ਼ ਨੂੰ ਦੁਨੀਆ ਦੇ ਕੋਨੇ ਕੋਨੇ ਵਿੱਚ ਫੈਲਾ ਦਿੱਤਾ ਸਗੋਂ ਭਲੇਪੁਰਖਾਂ ਦੀ ਜਮਾਤ ਵੀ ਕਾਇਮ ਕਰਦਾ ਜਾ ਰਿਹਾ ਹੈ ਜੋ ਆਪ ਨਾਲ ਈਮਾਨਦਾਰੀ ਤੇ ਵਫ਼ਾਦਾਰੀ ਵਿੱਚ ਵੱਧ ਰਹੇ ਹਨ ਤਾਂ ਉਹ ਰੱਬ ਆਪਣੀਆਂ ਮਿਹਰਾਂ ਨਾਲ ਇੰਸ਼ਾਅਲੱਾਹ ਤਆਲਾ ਆਪ ਦੀ ਇਹ ਗੱਲ ਵੀ ਪੂਰੀ ਕਰੇਗਾ ਕਿ ਔਕੁੜਾਂ ਦੇ ਦਿਨ ਦੂਰ ਹੋ ਜਾਣਗੇ ਅਤੇ ਇਹ ਜਮਾਤ ਸਾਰਿਆਂ ਉਪੱਰ ਗ਼ਾਲਬ ਹੋਵੇਗੀ । ਅੱਜ ਕੱਲ ਅਸੀਂ ਇਸ ਸਮੇਂ ਵਿੱਚੋਂ ਲੰਘ ਰਹੇ ਹਨ ਜੱਦ ਕਿ ਜਮਾਤ ਦੁਨੀਆ ਵਿੱਚ ਫੈਲ ਰਹੀ ਹੈ ਅਤੇ ਲੜੀਵਾਰ ਤਰੱਕੀ ਦੁਨੀਆ ਨੂੰ ਹੁਣ ਦਿਖਾਈ ਵੀ ਦੇ ਰਹੀ ਹੈ । ਫਿਰ ਹੀ ਤਾਂ ਜਨਰਲਿਸਟ ਨੇ ਮੈਂਨੂੰ ਪੁੱਛਿਆ ਸੀ ਕਿ ਕੀ ਜਮਾਤ ਹੁਣ ਦੁਨੀਆ ਵਿੱਚ ਸਭ ਤੋਂ ਅਧਿਕ ਫੈਲਣ ਵਾਲੀ ਜਮਾਤ ਹੈ ਅਤੇ ਕਈ ਹੋਰ ਥਾਂ ਵੀ ਗੈਰ ਲੋਕ ਇਹ ਪ੍ਰਸ਼ਨ

ਕਰਦੇ ਹਨ ਅਤੇ ਮੰਨ੍ਹਦੇ ਵੀ ਹਨ ਕਿ ਜਮਾਤ ਅਹਮਦੀਆ ਬਹੁਤ ਤੀਬਰਤਾ ਨਾਲ ਤਰੱਕੀ ਕਰਨ ਵਾਲੀ ਜਮਾਤ ਹੈ । ਭਾਵੇਂ ਔਖਿਆਈਆਂ ਵੀ ਨਾਲ ਨਾਲ ਚੱਲ ਰਹੀਆਂ ਹਨ । ਪਰ ਦੁਨੀਆ ਦੇ ਵੱਖ ਵੱਖ ਖੇਤਰਾਂ ਤੋਂ ਜੋ ਰਿਪੋਰਟਾਂ ਆਉਂਦੀਆਂ ਹਨ ਜਿੰਨ੍ਹਾਂ ਵਿੱਚ ਬੈਅਤਾਂ ਦਾ ਵਰਨਣ ਹੁੰਦਾ ਹੈ ਅਤੇ ਬੈਅਤ ਕਰਨ ਵਾਲਿਆਂ ਦੀਆਂ ਘਟਨਾਵਾਂ ਵਰਨਣ ਹੁੰਦੀਆਂ ਹਨ । ਉਹਨਾਂ ਨੂੰ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਵਿਰੋਧਤਾ ਕਿੱਥੇ ਕਿੱਥੇ ਤੱਕ ਪਹੁੰਚੀ ਹੋਈ ਹੈ ਅਤੇ ਨਾਲ ਹੀ ਰੱਬ ਆਪ ਨਾਲ ਪੱਖਤਾ ਦੇ ਦ੍ਰਿਸ਼ ਕਿਵੇਂ ਕਿਵੇਂ ਦਿਖਾਈ ਜਾ ਰਿਹਾ ਹੈ । ਜੇਕਰ ਕਿਸੇ ਮਨੁੱਖ ਦਾ ਕੰਮ ਹੁੰਦਾ ਤਾਂ ਇਹ ਸਿਲਸਿਲਾ (ਜਮਾਤ) ਹੁਣ ਤੱਕ ਮੁੱਕ ਜਾਣਾ ਚਾਹੀਦਾ ਸੀ ਅਤੇ ਇਸ ਦੇ ਝੂਠ ਦਾ ਪੋਲ ਖੁੱਲ ਜਾਣਾ ਚਹੀਦਾ ਸੀ ਪਰ ਇਹ ਮੁਕੱਣ ਦਾ ਪ੍ਰਸ਼ਨ ਹੀ ਨਹੀਂ ਹੈ, ਏਥੇ ਤਾਂ ਰੱਬ ਤਰੱਕੀਆਂ ਦਿੱਖਾ ਰਿਹਾ ਹੈ ।

ਜੱਦ ਅਸੀ ਦੇਖਦੇ ਹਾਂ ਕਿ ਰੱਬ ਕਿਵੇਂ ਚਮਤਕਾਰ ਦਿਖਾਉਂਦਾ ਹੈ ਕਿਵੇਂ ਲੋਕਾਂ ਨੂੰ ਫੜ ਫੜ ਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਲਿਆਉਂਦਾ ਹੈ ਤਾਂ ਹੈਰਾਨੀ ਹੁੰਦੀ ਹੈ । ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਅੱਜ ਕੱਲ ਸੁਪਨਿਆਂ ਅਤੇ ਦਿਵਦ੍ਰਿਸ਼ ਬਹੁਤ ਹੁੰਦੇ ਹਨ ਮਲੂਮ ਹੁੰਦਾ ਹੈ ਕਿ ਰੱਬ ਚਾਹੁੰਦਾ ਹੈ ਕਿ ਲੋਕਾਂ ਨੂੰ ਸੁਪਨਿਆਂ ਰਾਹੀਂ ਸੂਚਨਾ ਦੇਵੇ । ਰੱਬ ਦੇ ਫ਼ਰਿਸ਼ਤੇ ਇਉਂ ਫਿਰਦੇ ਹਨ ਜਿਵੇਂ ਟਿੱਡੀਦਲ ਅਕਾਸ਼ ਵਿੱਚ ਹੁੰਦਾ ਹੈ । ਉਹ ਕੰਨਾਂ ਵਿੱਚ ਪਾਉਂਦੇ ਫਿਰਦੇ ਹਨ ਕਿ ਮੰਨ ਲਓ ਮੰਨ ਲਓ । ਇਸ ਸਮੇਂ ਮੈਂ ਬੀਤੇ ਵਰ੍ਹੇ ਵਿੱਚ ਹੋਣ ਵਾਲੀਆਂ ਅਜਿਹੀਆਂ ਘਟਨਾਵਾਂ ਦੀ ਉਧਾਰਣਾਂ ਪੇਸ਼ ਕਰਦਾ ਹਾਂ । ਬਹੁਤ ਸਾਰੀਆਂ ਘਟਨਾਵਾਂ ਹਨ ਕੁਝ ਇਕ ਲਈਆ ਹਨ, ਚੋਣਵੀਆ ਹਨ ਜਿੰਨ੍ਹਾ ਦਾ ਸੁਪਨਿਆਂ ਰਾਹੀਂ ਮਾਰਗ ਦਰਸ਼ਨ ਹੋਇਆ ਹੈ । ਹੈਰਾਨੀ ਹੁੰਦੀ ਹੈ ਉਹਨਾਂ ਲੋਕਾਂ ਦੀਆਂ ਗੱਲਾਂ ਸੁਣਕੇ ਕਿ ਹਜ਼ਾਰਾਂ ਮੀਲ ਦੂਰੀ'ਤੇ ਕਾਦੀਆਂ ਤੋਂ ਬੈਠੇ ਹੋਏ ਹਨ ਸਗੋਂ ਕਈ ਤਾਂ ਅਜਿਹੇ ਖੇਤਰਾਂ ਵਿੱਚ ਹਨ ਕਿ ਜਿੱਥੇ ਕਿਸੇ ਵੀ ਪ੍ਰਕਾਰ ਦੇ ਪ੍ਰਚਾਰ ਦੀ ਵਿਵਸਥਾ ਤੇ ਮੀਡੀਆ ਦੇ ਸਾਧਨ ਵੀ ਨਹੀਂ ਹੈ ਰੱਬ ਮਾਰਗਦਰਸ਼ਨ ਕਰ ਰਿਹਾ ਹੈ । ਇਕ ਛੋਟਾ ਜਿਹਾ ਆਈਲੈਂਡ ਹੈ ਮਾਰਸ਼ੈਸ ਨੇੜੇ ਮਾਯੋਟੇ । ਮੁਬਲੱਗ ਓਥੇ ਦੌਰੇ'ਤੇ ਗਏ । ਕਹਿੰਦੇ ਹਨ ਕਿ ਇਕ ਗ਼ੈਰ ਅਹਮਦੀ ਮਿੱਤਰ ਨੇ ਸੁਪਨੇ ਵਿੱਚ ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਨੂੰ ਦੇਖਿਆ । ਕੁਝ ਸਮਾਂ ਬਾਦ ਉਹਨਾਂ ਨੂੰ ਐਮ.ਟੀ.ਏ ਦੇਖਣ ਦਾ ਸੁਅਵਸਰ ਪ੍ਰਾਪਤ ਹੋਇਆ ਤਾਂ ਐਮ.ਟੀ.ਏ. ਉਪੱਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਫੋਟੋ ਦੇਖ ਕੇ ਝੱਟ ਕਹਿਣ ਲੱਗੇ ਕਿ ਇਹੋ ਤਾਂ ਉਹ ਮਹਾਪੁਰਖ ਹਨ ਜਿੰਨ੍ਹਾਂ ਨੂੰ ਮੈਂ ਸੁਪਨੇ ਵਿੱਚ ਦੇਖਿਆ ਸੀ । ਇਸ ਪ੍ਰਕਾਰ ਉਹਨਾਂ ਨੂੰ ਵਿਸ਼ਵਾਸ ਹੋ ਗਿਆ ਕਿ ਅਹਮਦੀਅਤ ਹੀ ਵਾਸਤਵਿਕ ਇਸਲਾਮ ਹੈ । ਸੋ, ਉਹ ਬੈਅਤ ਕਰਕੇ ਜਮਾਤ ਵਿੱਚ ਸ਼ਾਮਲ ਹੋ ਗਏ ।

ਇਸੇ ਪ੍ਰਕਾਰ ਗਿੰਨੀ ਕਨਾਕਰੀ ਇਕ ਦੂਰਦੁਰਾਡਾ ਦੇਸ਼ ਹੈ ਅਫਰੀਕਾ ਦਾ । ਏਥੇ ਸ਼ਹਿਰ ਵਿੱਚ ਇਕ ਯੂਨੀਵਰਸਿਟੀ ਦੇ ਵਿਦਿਆਰਥੀ ਸੁਲੇਮਾਨ ਸਾਹਬ ਸਨ ਲੰਮਾ ਚਿਰ ਪ੍ਰਚਾਰ ਹੇਠ ਰਹੇ ਪਰ ਬੈਅਤ ਨਹੀਂ ਕਰ ਰਹੇ ਸਨ ਇਕ ਦਿਨ ਆਏ ਅਤੇ ਕਿਹਾ ਕਿ ਹੁਣ ਮੈਂ ਸੰਤੋਖ ਵਿੱਚ ਹਾਂ ਮੈਂ ਬੈਅਤ ਕਰਨਾ ਚਾਹੁੰਦਾ ਹਾਂ । ਜੱਦ ਉਹਨਾਂ ਨੂੰ ਪੁੱਛਿਆ ਗਿਆ ਕਿ ਆਪ ਨੂੰ ਸੰਥੋਖ ਕਿਵੇਂ ਹੋਇਆ ਤਾਂ ਉਹਨਾਂ ਨੇ ਆਪਣਾ ਸੁਪਨਾ ਵਰਨਣ ਕੀਤਾ ਕਿ ਮੈਂ ਇਕ ਕਿਸ਼ਤੀ (ਬੇੜੀ) ਵਿੱਚ ਸਵਾਰ ਹਾਂ ਅਤੇ ਸਾਡੀ ਕਿਸ਼ਤੀ ਨੇੜੇ ਇਕ ਇਕ ਦੂਜੀ ਕਿਸ਼ਤੀ ਡੁੱਬ ਰਹੀ ਹੈ ਅਤੇ ਉਸ ਦੇ ਜਾਤਰੀ ਮਦਦ ਲਈ ਸਾਨੂੰ ਪੁਕਾਰ ਰਹੇ ਹਨ ਅਸੀਂ ਉਹਨਾਂ ਦੀ ਮਦਦ ਕਰਦੇ ਹਾਂ ਅਤੇ ਉਹ ਸਾਡੀ ਕਿਸ਼ਤੀ ਵਿੱਚ ਸਵਾਰ ਹੋ ਜਾਂਦੇ ਹਨ । ਅਸੀਂ ਜਿਸ ਮੇਜ਼ ਦੇ ਦੁਆਲੇ ਬੈਠੇ ਹਾਂ ਓਥੇ ਇਮਾਮ ਮਹਦੀ ਅਲੈਹਿ ਸਲਾਮ ਵੀ ਵਿਦਮਾਨ ਹਨ ਅਤੇ ਸਾਨੂੰ ਪੀਣ ਲਈ ਦੁੱਧ ਦਾ ਪਿਆਲਾ ਦਿੰਦੇ ਹਨ । ਕਹਿੰਦੇ ਹਨ ਕਿ ਮੈਂ ਉਹ ਦੁੱਧ ਦਾ ਪਿਆਲਾ ਲਿਆ ਅਤੇ ਰੱਜ ਕੇ ਦੁੱਧ ਪੀਤਾ ਜਿਸ ਦਾ ਸੁਆਦ ਅਤਿਅੰਤ ਉਤੱਮ ਸੀ । ਇਸ ਦੇ ਬਾਦ ਮੇਰੀ ਅੱਖ ਖੁੱਲ ਗਈ ਤਾਂ ਮੈਂ ਸਮਝ ਗਿਆ ਕਿ ਇਹ ਜੀਵਨ ਬਖ਼ਸ਼ ਜਾਮ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਕਿਸ਼ਤੀ ਵਿੱਚ ਸਵਾਰ ਹੋਣ ਕਰਕੇ ਅਤੇ ਆਪਦੀ ਬੈਅਤ ਵਿੱਚ ਆਉਣ ਦੇ ਸਿੱਟੇ ਵਿੱਚ ਹੀ ਪ੍ਰਾਪਤ ਹੋ ਸਕਦਾ ਹੈ, ਸੋ, ਉਹਨਾਂ ਨੇ ਬੈਅਤ ਕਰ ਲਈ । ਫਿਰ ਭਾਰਤ ਵਿੱਚ ਕੇਰਾਲਾ ਜੋ ਸਾਊਥ ਇੰਡੀਆ ਦਾ ਖੇਤਰ ਹੈ ਇਸ ਵਿੱਚ ਇਕ ਸਜੱਣ ਅਬਦੁਲ ਮਜੀਦ ਸਾਹਬ ਆਪਣੇ ਘਰ ਵਿੱਚ ਕੇਬਲ ਰਾਹੀਂ ਟੀ.ਵੀ. ਦੇਖਿਆ ਕਰਦੇ ਸਨ ਅਚਨਚੇਤ ਐਮ.ਟੀ.ਏ. ਦੇਖਣ ਦਾ ਮੌਕਾ ਮਿਲਿਆ । ਉਹਨਾਂ ਦੀ ਰੁਚੀ ਵੱਧਦੀ ਗਈ ਇਹ

ਤਰੀਕਤ ਮਸਲਕ ਨਾਲ ਸੰਬੰਧ ਰੱਖਦੇ ਸਨ ਅਤੇ ਇਕ ਪੀਰ ਸਾਹਬ ਦੀ ਬੈਅਤ ਵੀ ਕੀਤ ਹੋਈ ਸੀ । ਕਹਿੰਦੇ ਹਨ ਕਿ ਐਮ.ਟੀ.ਏ. ਦੇਖਦਿਆਂ ਹੋਇਆ ਅਜੇ ਇਕ ਦੋ ਮਹੀਨਿ ਹੀ ਹੋਏ ਸਨ ਕਿ ਉਹਨਾਂ ਨੇ ਸੁਪਨੇ ਵਿੱਚ ਦੇਖਿਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜ਼ਿਆਰਤ ਕਰ ਰਹੇ ਹਨ । ਓਥੇ ਉਹਨਾਂ ਨੇ ਆਪਣੇ ਪੀਰ ਸਾਹਬ ਨੂੰ ਵੀ ਜ਼ਿਅਰਤ ਕਰਦਿਆਂ ਦੇਖਿਆ ਜੋ ਫ਼ੌਤ ਹੋ ਚੁਕੇ ਹਨ । ਇਸ ਸੁਪਨੇ ਦੇ ਅਧਾਰ'ਤੇ ਜਮਾਤ ਦਾ ਪਤਾ ਕਰਦਿਆਂ ਹੋਇਆਂ ਕਾਦੀਆਂ ਪਹੁੰਚ ਗਏ ਅਤੇ ਓਥੇ ਜਾਕੇ ਬੈਅਤ ਕਰ ਲਈ ।

ਇਸੇ ਪ੍ਰਕਾਰ ਤਿਊਸ ਨਾਰਥ ਅਫਰੀਕਾ ਦਾ ਦੇਸ਼ ਹੈ । ਏਥੇ ਇਕ ਮਿਤੱਰ ਕਾਦਰ ਸਾਹਬ ਹਨ ਕਹਿੰਦੇ ਹਨ ਕਿ ਮੈਂ ਜਮਾਤ ਤੋਂ ਪ੍ਰਭਾਵਤ ਤਾਂ ਸੀ ਪਰ ਬੈਅਤ ਵੱਲ ਮੇਰਾ ਮਨ ਨਹੀਂ ਜਾਂਦਾ ਸੀ ਸੰਤੋਖ ਨਹੀਂ ਸੀ, ਇਸ ਲਈ ਕਿ ਇਮਾਮ ਮਹਦੀ ਨੂੰ ਨਬੀ ਦੇ ਰੂਪ ਵਿੱਚ ਮਨੰਣ ਲਈ ਤਿਆਰ ਨਹੀਂ ਸੀ । ਹਜ਼ੂਰ ਅਯੱਦਾਹੁਲੱਾਹ ਤਆਲਾ ਫ਼ਰਮਾਉਂਦੇ ਹਨ ਕਿ ਜੇਕਰ ਇਹ ਸਮਝ ਆ ਜਾਵੇ ਤਾਂ ਮੁਸਲਮਾਨਾਂ ਨੂੰ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਦਾਵਾ ਇਕ ਗ਼ੈਰ ਸ਼ਰਈ ਨਬੀ ਦਾ ਹੈ, ਆਪ ਨੇ ਜੋ ਕੁਝ ਪਾਇਆ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲਲੈਹਿ ਵਸਲਅਮ ਦੇ ਤੁਫ਼ੈਲ ਹੀ ਪ੍ਰਾਪਤ ਕੀਤਾ ਹੈ । ਅਤੇ ਮਸੀਹ ਨੇ ਜੋ ਆਉਣਾ ਸੀ ਉਹ ਨਬੀ ਦੇ ਮੁਕਾਮ ਦੇ ਨਾਲ ਹੀ ਆਉਣਾ ਸੀ ਜੋ ਬਹਿਰਹਾਲ ਇਹ ਮਨੰਣ ਨੂ ਤਿਆਰ ਨਹੀਂ ਸਨ । ਫਿਰ ਕਹਿੰਦੇ ਹਨ ਕਿ ਮੈਂ ਨਿਰਣਾ ਕਰ ਲਿਆ ਕਿ ਉਸੇ ਅਵਸਥਾ ਵਿੱਚ ਬੈਅਤ ਕਰਾਂਗਾ ਕਿ ਰੱਬ ਮੈਂਨੂੰ ਦੱਸ ਦੇਵੇ ਕਿ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਅਲੈਹਿਸਲਾਮ ਹੀ ਇਮਾਮ ਮਹਦੀ ਹਨ । ਕਹਿੰਦੇ ਹਨ ਕਿ ਇਸੇ ਸਮੇਂ ਦੌਰਾਨ ਮੇਰੀ ਗੱਲ ਇਕ ਅਹਮਦੀ ਸਜੱਣ ਨਾਲ ਹੋਈ ਤਾਂ ਉਸ ਨੇ ਮੈਂਨੂੰ ਇਕ ਹਵਾਲਾ ਦਿੱਤਾ ਕਿ ਜੋ ਇਮਾਮ ਮਹਦੀ ਨੂੰ ਪਛਾਨਣ ਦੇ ਬਾਦ ਵੀ ਬੈਅਤ ਨਹੀਂ ਕਰੇਗਾ ਉਹ ਜਹਾਲਤ ਦੀ ਮੌਤ ਮਰੇਗਾ । ਕਹਿੰਦੇ ਹਨ ਕਿ ਇਸ ਗੱਲ ਦਾ ਮੇਰੇ ਉਪੱਰ ਬਹੁਤ ਡੂੰਘਾ ਪ੍ਰਭਾਵ ਪਿਆ ਸੋ ਮੈਂ ਰਾਤ ਨੂੰ ਇਸਤਿਖ਼ਾਰਾ ਕੀਤਾ ਅਤੇ ਰਾਤ ਨੂੰ ਸੁਪਨੇ ਵਿੱਚ ਦੇਖਿਆ ਕਿ ਕੁਰਆਨ ਕਰੀਮ ਪੜ੍ਹ ਰਿਹਾ ਹਾਂ ਅਤੇ ਇਕ ਅਜਿਹੇ ਸਥਾਨ'ਤੇ ਰੁੱਕ ਗਿਆ ਹਾਂ ਜਿੱਥੇ ਲਿੱਖਿਆ ਸੀ ਕਿ ਇੱਨੀ ਅਨਸੁਰਕਾ ਯਾ ਅਹਮਦ ਕਹਿੰਦੇ ਹਨ ਕਿ ਇਹ ਸੁਪਨਾ ਦੇਖਕੇ ਮੈਂ ਝੱਟ ਬੈਅਤ ਕਰ ਲਈ । ਫਿਰ ਮਾਲੀ ਦੇ ਮੁਬਲੱਗ਼ ਸਾਹਬ ਕਹਿੰਦੇ ਹਨ ਕਿ ਕੋਲੀ ਬਾਲੀ ਇਕ ਸਾਹਬ ਹਨ ਇਕ ਛੋਟੇ ਜਿਹੇ ਕਸਬੇ ਵਿੱਚ ਰਹਿਣ ਵਾਲੇ ਵੱਡੀ ਉਮਰ ਦੇ ਵਿਅਕਤੀ ਸਨ, ਦਸੰਬਰ 2014 ਈ. ਵਿੱਚ ਬੈਅਤ ਕਰਨ ਦਾ ਮੌਕਾ ਮਿਲਿਆ ਕਹਿੰਦੇ ਹਨ ਕਿ 1964 ਈ. ਵਿੱਚ ਜੱਦ ਉਹ ਐਵਰੀਕੋਸਟ ਵਿੱਚ ਸਨ ਉਹਨਾਂ ਨੇ ਇਕ ਦਿਨ ਸੁਪਨੇ ਵਿੱਚ ਦੇਖਿਆ ਕਿ ਦੋ ਚਿੱਟੇ ਰੰਗ ਦੇ ਵਿਅਕਤੀ ਉਹਨਾਂ ਕੋਲ ਆਉਂਦੇ ਹਨ ਜਿੰਨ੍ਹਂ ਨੇ ਕਿਹਾ ਕਿ ਇਮਾਮ ਮਹਦੀ ਆ ਚੁਕੇ ਹਨ ਉਹਨਾਂ ਦੀ ਬੈਅਤ ਕਰੋ । ਇਸ ਸੁਪਨੇ ਦੇ ਬਾਦ ਉਹਨਾਂ ਨੇ ਆਰਮੀ ਜਾਇਨ ਕਰ ਲਈ । ਸੁਪਨਾ ਵੀ ਭੁੱਲ ਗਿਆ । ਪਰ 2014 ਈ ਵਿੱਚ ਇਕ ਦਿਨ ਰੇਡੀਓ ਟੀਊਨ ਕਰ ਰਹੇ ਸਨ ਤਾਂ ਅਹਮਦੀਆ ਰੇਡੀਓ ਮਿਲ ਗਿਆ । ਜੱਦ ਉਸ ਨੂੰ ਸੁਣਨਾ ਅਰੰਭ ਕੀਤਾ ਅਤੇ ਇਮਾਮ ਮਹਦੀ ਦੇ ਆਉਣ ਦਾ ਸੁਣਿਆ ਤਾਂ ਮਨ ਦੀ ਅਵਸਥਾ ਹੀ ਬਦਲ ਗਈ ਅਤੇ ਸੁਪਨਾ ਵੀ ਚੇਤੇ ਆ ਗਿਆ । ਉਹ ਰੱਬ ਦਾ ਲੱਖ ਲੱਖ ਸ਼ੁਕਰਾਨਾ ਕਰਦੇ ਹਨ ਕਿ ਮੌਤ ਤੋਂ ਪਹਿਲਾਂ ਉਹਨਾਂ ਨੂੰ ਇਮਾਮ ਮਹਦੀ ਦੀ ਬਹੈਤ ਕਰਨ ਦਾ ਸੰਜੋਗ ਪ੍ਰਾਪਤ ਹੋ ਗਿਆ, ਜਿਸ ਦੀ ਸੂਚਨਾ ਉਹਨਾਂ ਨੂੰ ਰੱਬ ਵੱਲੋਂ ਪੰਜਾਹ ਸਾਲ ਪਹਿਲਾਂ ਦੇ ਦਿੱਤੀ ਗਈ ਸੀ । ਨੇਕ ਸੁਭਾਵੀ ਲੋਕਾਂ ਨੂੰ ਰੱਬ ਨਸ਼ਟ ਨਹੀਂ ਕਰਦਾ । ਇਕ ਲੰਮਾ ਸਮਾਂ ਲੰਘ ਜਾਣ ਦੇ ਬਾਦ ਵੀ ਰੱਬ ਨੇ ਮਾਰਗ ਦਰਸ਼ਨ ਕੀਤਾ ।

ਫਿਰ ਸਵਾਜ਼ੀ ਲੈਂਡ ਹੈ ਇਕ ਹੋਰ ਦੇਸ਼ । ਇਕ ਅਹਮਦੀ ਨੌਜੁਆਨ ਤਾਹਿਰ ਸਾਹਬ ਹਨ ਉਹਨਾਂ ਨੇ ਕੁਝ ਸਮਾਂ ਪਹਿਲਾਂ ਬੈਅਤ ਕੀਤੀ ਹੈ । ਇਸ ਸਾਲ ਰਮਜ਼ਾਨ ਵਿੱਚ ਸਤਾਈਵੀਂ ਰਾਤ ਸੁਪਨੇ ਵਿੱਚ ਉਹਨਾਂ ਨੇ ਦੇਖਿਆ ਕਿ ਚੰਨ੍ਹ ਆਪਣੀ ਪੂਰੀ ਰੌਸ਼ਨੀ ਨਾਲ ਚਮਕ ਰਿਹਾ ਹੈ ਦਿਨ ਜਿਹਾ ਸਮਾਂ ਹੈ, ਸੁਪਨੇ ਵਿੱਚ ਹੀ ਆਵਾਜ਼ ਆਈ ਕਿ ਇਹ ਉਹ ਰੌਸ਼ਨੀ ਹੈ ਜਿਸਨੂੰ ਤੁਸੀਂ ਪ੍ਰਾਪਤ ਕਰ ਲਿਆ ਹੈ ਇਸ ਨੂੰ ਮਜ਼ਬੂਤੀ ਨਾਲ ਫੜੀ ਰੱਖੋ, ਇਹ ਹੌਲੀ ਹੌਲੀ ਪੂਰੇ ਸਵਾਜ਼ੀਲੈਂਡ ਵਿੱਚ ਫੈਲ ਜਾਵੇਗੀ । ਸੁਪਨੇ ਵਿੱਚ ਮੈਂਨੂ ਸਮਝਾਇਆ ਗਿਆ ਕਿ ਇਸ ਰੌਸ਼ਨੀ ਤੋਂ ਭਾਵ ਅਹਮਦੀਅਤ ਹੈ ਜੋ ਹੌਲੀ ਹੌਲੀ ਪੂਰੇ ਦੇਸ਼ ਵਿੱਚ ਫੈਲ ਜਾਵੇਗੀ ਇੰਸ਼ਾਅਲੱਾਹ । ਇਸ ਸੁਪਨੇ ਦੇ ਬਾਦ ਉਸ ਨੌਜੁਆਨ ਨੂੰ ਅਸਾਧਾਰਣ ਰੂਪ ਵਿੱਚ ਦ੍ਰਿੜ੍ਹ ਰਹਿਣ ਦਾ ਸੰਜੋਗ ਪ੍ਰਾਪਤ ਹੋਇਆ ।

ਫਿਰ ਮਾਲੀ ਦੀ ਇਕ ਹੋਰ ਘਟੱਣਾ ਹੈ ਇਕ ਜਮਾਤ ਨਾਂਨਦਰੇ ਬੋਗੋ ਵਿੱਚ ਇਕ ਬਜ਼ੁਰਗ ਹਨ ਸਈਦ ਸਾਹਬ, ਅਹਮਦੀਅਤ ਬਾਰੇ ਉਹਨਾਂ ਨੇ ਸੁਣਿਆ ਸੀ ਪਰ ਉਹ ਅਹਮਦੀਅਤ ਬਾਰੇ ਆਪਣੀ ਤਸੱਲੀ ਕਰਨਾ ਚਾਹੁੰਦੇ ਸਨ । ਇਸ ਲਈ ਉਹਨਾਂ ਨੇ ਚਾਲ੍ਹੀ ਰਾਤਾਂ ਦਾ ਚਿਲੱਾ ਕੀਤਾ । ਉਹ ਕਹਿੰਦੇ ਹਨ ਕਿ ਇੱਕੀਵੀਂ ਰਾਤ ਉਹਨਾਂ ਨੇ ਸੁਪਨੇ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ ਨਾਲ ਮੈਂਨੂੰ ਵੀ ਦੇਖਿਆ ਕਿ ਦੋਵੇਂ ਉਹਨਾਂ ਦੇ ਘਰ ਵਿੱਚ ਆਉਂਦੇ ਹਨ ਅਤੇ ਉਹਨਾਂ ਨੂੰ ਆਪਣੇ ਨਾਲ ਆਕਾਸ਼ ਉਪੱਰ ਲੈ ਜਾਂਦੇ ਹਨ । ਉਹ ਕਹਿੰਦੇ ਹਨ ਕਿ ਇਹ ਸੁਪਨਾ ਦੇਖਕੇ ਉਹਨਾਂ ਦੀ ਤਸੱਲੀ ਹੋ ਗਈ ਅਤੇ ਉਹਨਾਂ ਨੇ ਅਹਮਦੀਅਤ ਪ੍ਰਵਾਨ ਕਰ ਲਈ ।

ਲੋਕ ਸਮਝਦੇ ਹਨ ਕਿ ਅਫ਼ਰੀਕਨ ਲੋਕ ਐਵੇਂ ਹੀ ਕੁਬੂਲ ਕਰ ਲੈਂਦੇ ਹਨ ਅਹਮਦੀਅਤ, ਪਰ ਕਿਉਂਕਿ ਹੱਕ ਕੁਬੂਲ ਕਰਨ ਦੀ ਖੋਜ ਹੈ ਉਹਨਾਂ ਵਿੱਚ ਇਸ ਲਈ ਸੁਣਦੇ ਹਨ ਅਤੇ ਪਰਖਦੇ ਹਨ । ਢਿਠਾਈ ਨਹੀਂ ਦਿਖਾਉਂਦੇ ਅਤੇ ਕਿਉਕਿ ਸੁਭਾਵ ਨੇਕ ਹੈ ਇਸ ਲਈ ਰੱਬ ਉਹਨਾਂ ਦੀ ਰਹਿਨੁਮਾਈ ਵੀ ਕਰਦਾ ਹੈ । ਧਰਮ ਲਈ ਉਹਨਾਂ ਦੇ ਦਿਲ ਵਿੱਚ ਇਕ ਪੀੜ੍ਹਾ ਸੀ ਤਾਂ ਹੀ ਤਾਂ ਚਾਲ੍ਹੀ ਦਿਨ ਉਹਨਾਂ ਨੇ ਚਿਲੱਾ ਕਰਨ ਦੀ ਸੋਚੀ ।

ਫਿਰ ਰੱਬ ਇਹ ਦਸੱਣ ਲਈ ਕਿ ਨ ਕੇਵਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰੱਬ ਦੇ ਸੱਚੇ ਭੇਜੇ ਹੋਏ ਹੈ ਮਸੀਹ ਮੌਊਦ ਹਨ ਅਤੇ ਮਹਦੀ ਮੌਊਦ ਹਨ, ਸਗੋਂ ਆਪ ਦੇ ਬਾਦ ਜਾਰੀ ਖਿਲਾਫ਼ਤ ਦੀ ਵਿਵਸਥਾ ਵੀ ਰੱਬ ਵੱਲੋਂ ਤਾਈਦ ਪ੍ਰਾਪਤ ਵਿਸਸਥਾ ਹੈ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਿਸ਼ਨ ਨੂੰ ਅਰੰਭ ਰਖੱਣ ਵਾਲਾ ਹੈ । ਖ਼ਲੀਫ਼ਿਆਂ ਨੂੰ ਵੀ ਸੁਪਨਿਆਂ ਵਿੱਚ ਦਿਖਾ ਕੇ ਮਾਰਗਦਰਸ਼ਨ ਕਰਦਾ ਹੈ । ਸੋ, ਨਾਈਜੀਰੀਆ ਤੋਂ ਇਕ ਮੁਅੱਲਿਮ ਲਿਖਦੇ ਹਨ ਕਿ ਮੁਹਮੱਦ ਨਾਮੀ ਇਕ ਵਿਅਕਤੀ ਨੇ ਆਪਣ ਸੁਪਨਾ ਵਰਨਣ ਕੀਤਾ ਕਿ ਉਹ ਪਾਣੀ ਜਹਾਜ਼ ਉਪੱਰ ਸਵਾਰ ਸੀ ਜੱਦ ਪਾਣੀ ਜਹਾਜ਼ ਸਾਗਰ ਵਿੱਚਕਾਰ ਪਹੁੰਚਿਆ ਤਾਂ ਅਚਨਚੇਤ ਤੂਫ਼ਾਨ ਆਗਿਆ ਅਤੇ ਜਹਾਜ਼ ਡੁਬੱਣ ਲੱਗਾ ਅਤੇ ਜੀਵਨ ਦੀ ਆਸ਼ਾ ਖ਼ਤਮ ਹੋਣ ਲੱਗੀ ਕਿ ਅਚਾਨਕ ਇਕ ਮਨੁੱਖ ਨੇ ਹੱਥ ਫੈਲਾਏ ਅਤੇ ਮੈਂਨੂੰ ਕੰਢੇ ਉਪੱਰ ਲੈ ਅਇਆ । ਮੈਂਨੂ ਨਹੀਂ ਪਤਾ ਕਿ ਰੱਬ ਦਾ ਬੰਦਾ ਕੌਣ ਹੈ ਕੁਝ ਸਮਾਂ ਬਾਦ ਇਸ ਮੁਹਮੱਦ ਨਾਮੀ ਵਿਅਕਤੀ ਦਾ ਰਾਬਤਾ ਸਾਡੇ ਇਕ ਪ੍ਰਚਾਰਕ ਨਾਲ ਹੋਇਆ । ਪ੍ਰਚਾਰਕ ਨੇ ਉਸ ਵਿਅਕਤੀ ਨੂੰ ਐਮ.ਟੀ.ਏ. ਦਿਖਾਇਆ । ਜੱਦ ਐਮ.ਟੀ.ਏ. ਉਪੱਰ ਓਸ ਨੇ ਮੇਰੀ ਸ਼ਕਲ ਦੇਖੀ ਤਾਂ ਇਕ ਦਮ ਕਹਿਣ ਲਗੱਾ ਕਿ ਇਹੋ ਉਹ ਰੱਬ ਦਾ ਬੰਦਾ ਸੀ ਜਿਸ ਨੇ ਮੈਂਨੂੰ ਬਚਾਇਆ ਸੀ । ਸੋ, ਉਹ ਆਪਣੇ ਸਾਰੇ ਪਰਿਵਾਰ ਸਣੇ ਜਮਾਤ ਵਿੱਚ ਸ਼ਾਮਲ ਹੋ ਗਿਆ । ਫਿਰ ਮਿਸਰ ਦੇ ਇਕ ਸਾਹਬ ਕਹਿੰਦੇ ਹਨ ਕਿ ਮੈਂ 2004 ਈ. ਵਿੱਚ ਸੁਪਨੇ ਵਿੱਚ ਦੇਖਿਆ ਸੀ ਕਿ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਇਕ ਥਾਂ ਆਰਾਮ ਕਰ ਰਹੇ ਹਨ ਮੈਂ ਉਹਨਾਂ ਨਾਲ ਬੈਠਿਆ ਹੋਇਆ ਹਾਂ, ਉਹ ਮੈਂਨੂੰ ਦੇਖਕੇ ਫ਼ਰਮਾਉਂਦੇ ਹਨ ਕਿ ਤੁਹਾਨੂੰ ਇਸ ਮਾਮਲੇ ਵਿੱਚ ਖੋਜ ਕਰਨੀ ਚਾਹੀਦੀ ਹੈ । ਮੈਂਨੂੰ ਉਸ ਸਮੇਂ ਸਮਝ ਨਹੀਂ ਆਈ ਅਤੇ ਕਹਿੰਦੇ ਹਨ ਕਿ ਮੈਂ ਕਦੇ ਦੇਖਿਆ ਵੀ ਨਹੀਂ ਸੀ ਹਜ਼ਰਤ ਖ਼ਲੀਫ਼ਤੁਲ ਮਸੀਹ ਰਾਬੇ ਨੂੰ ਇਸ ਤੋਂ ਪਹਿਲਾਂ । ਸੁਪਨੇ ਦੇ ਚਾਰ ਸਾਲ ਦੇ ਬਾਦ ਐਮ.ਟੀ.ਏ. ਦੇਖਿਆ ਅਤੇ ਖੋਜ ਕਰਨ ਲੱਗਾ, ਇਸ ਪ੍ਰਕਾਰ ਰੱਬ ਨੇ ਮੈਂਨੂੰ ਸੁਮਾਰਗ ਪ੍ਰਦਾਨ ਕੀਤਾ । ਕਹਿੰਦੇ ਹਨ ਕਿ ਨਵੰਬਰ 2014 ਈ ਵਿੱਚ ਮੈਂ ਬੈਅਤ ਕਰਨ ਤੋਂ ਪਹਿਲਾਂ ਸੁਪਨੇ ਵਿੱਚ ਦੇਖਿਆ ਕਿ ਕਿ ਮੈਂ ਇਕ ਮਸਜਿਦ ਵਿੱਚ ਦਾਖ਼ਲ ਹੋਇਆ ਹਾਂ ਜੋ ਨਮਾਜ਼ੀਆਂ ਨਾਲ ਭਰੀ ਹੋਈ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹਾਜ਼ਰ ਹਨ ਅਤੇ ਮੇਰੀ ਵੱਲ ਦੇਖ ਰਹੇ ਹਨ । ਮੈਂ ਹਜ਼ੂਰ ਦੇ ਨੇੜੇ ਹੁੰਦਾ ਹਾਂ ਅਤੇ ਉਹਨਾਂ ਦੀ ਥਾਂ ਫਿਰ ਹਜ਼ਰਤ ਖ਼ਲਫ਼ਾ ਅਵੱਲ ਹੁੰਦੇ ਹਨ ਇਕ ਆਵਾਜ਼ ਕਹਿੰਦੀ ਹੈ ਕਿ ਇਹ ਅਬੂਬਕਰ ਸਿੱਦੀਕ ਹਨ ਮੈਂ ਹੋਰ ਨੇੜੇ ਹੁੰਦਾ ਹਾਂ ਅਤੇ ਹੁਣ ਹਜ਼ਰਤ ਖਲੀਫ਼ਾ ਅਵੱਲ ਦੀ ਥਾਂ ਖਲੀਫ਼ਾਤੁਲ ਮਸੀਹ ਖ਼ਾਮਸ ਹੁੰਦੇ ਹਨ । ਆਪ ਮੈਂਨੂੰ ਦੇਖਦਿਆਂ ਹੀ ਦੁਆ ਲਈ ਹੱਥ ਚੁਕੱਦੇ ਹਨ ਅਤੇ ਮੈਂ ਵੀ ਦੁਆ ਵਿੱਚ ਸ਼ਾਮਲ ਹੋ ਜਾਂਦਾ ਹਾਂ, ਕਹਿੰਦੇ ਹਨ ਕਿ ਮੈਂ ਇਸ ਸੁਫਨੇ ਦਾ ਪ੍ਰਤੀਫ਼ਲ ਇਉਂ ਕੀਤਾ ਕਿ ਦੁਆਵਾਂ ਦੀ ਪਰਵਾਨਗੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ ਖ਼ਲੀਫ਼ਿਆਂ ਦੀ ਪੈਰ੍ਹਵੀ ਦੀ ਬਰਕਤ ਨਾਲ ਹੁੰਦੀ ਹੈ ।

ਹਜ਼ੂਰ ਅਨਵਰ ਅਯੱਦਾਹੁਲੱਾ ਤਆਲਾ ਫ਼ਰਮਾਉਂਦੇ ਹਨ : ਸੋ, ਇਕ ਸਚੱਾਈ ਨੂੰ ਸਮਝਣ ਵਾਲੇ ਖ਼ੁਸਨਕਿਸਮਤ ਲੋਕ ਹਨ ਇਹਨਾਂ ਦੇ ਦਿਲ ਦੀ ਅਵਸਥਾ ਦੇਖ ਦੇ ਰੱਬ ਉਹਨਾਂ ਦਾ ਮਾਰਗ ਦਰਸ਼ਨ ਕਰਦਾ ਹੈ ਜਿਵੇਂ ਕਿ ਅਜਿਹੇ ਲੋਕ ਹਨ ਅਤੇ ਜਿਵੇਂ ਕਿ ਕਈ ਲੋਕਾਂ ਦੇ ਸੁਪਨਿਆਂ ਤੋਂ ਪ੍ਰਤਖ ਹੈ ਅਜਿਹੀ ਸਪਸ਼ਟ ਮਾਰਗ ਦਰਸ਼ਨ ਕਰਦਾ ਹੈ ਕਿ ਮਨੁੱਖ ਹੈਰਾਨ ਰਹਿ ਜਾਂਦਾ ਹੈ ਅਤੇ ਉਹ ਜੋ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਸਮਝਦੇ ਹਨ ਰੱਬ ਦੇ ਇਸ ਮਾਰਗ ਦਰਸ਼ਨ ਤੋਂ ਵਾਂਜੇ ਰਹਿ ਜਾਂਦੇ ਹਨ । ਇਕ ਵਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਨੌਮੁਬਾਈਨ (ਨਵੇਂ ਅਹਮਦੀਆਂ) ਦੀ ਸੰਗਤ ਵਿੱਚ ਬੈਠੇ ਹੋਏ ਸਨ ਤਾਂ ਆਪ ਅਲੈਹਿ ਸਲਾਮ ਨੇ ਇਹਨਾ ਨੌਮੁਬਾਈਨ ਨਾਲ ਪ੍ਰੇਮ ਦਾ ਪ੍ਰਗਟਾਵਾ ਕਰਦਿਆਂ ਹੋਇਆ ਫ਼ਰਮਾਇਆ ਕਿ ਆਪ ਬਹੁਤ ਖ਼ੁਸ਼ਕਿਸਮਤ ਹਨ ਕਿ ਜੋ ਵੱਡੇ ਵੱਡੇ ਮੌਲਵੀ ਸਨ ਉਹਨਾਂ ਲਈ ਰੱਬ ਨੇ ਦਰਵਾਜ਼ੇ ਬੰਦ ਕਰ ਦਿੱਤੇ ਅਤੇ ਆਪ ਲਈ ਖੋਲ ਦਿੱਤੇ । ਰੱਬ ਦਾ ਆਪ ਲੋਕਾਂ ਉਪੱਰ ਵੀ ਬਹੁਤ ਵੱਡਾ ਉਪਕਾਰ ਹੈ ਜੋ ਆਪ ਲੋਕ ਏਥੇ ਬੈਠੇ ਹੋਏ ਹਨ ਅਤੇ ਜੋ ਸਾਰੀ ਦੁਨੀਆਂ ਵਿੱਚ ਸਾਰੇ ਫੈਲੇ ਹੋਏ ਹਨ ਰੱਬ ਨੇ ਆਪ ਨੂੰ ਅਹਮਦੀਅਤ ਕੁਬੂਲ ਕਰਨ ਦਾ ਸੰਜੋਗ ਪ੍ਰਦਾਨ ਕੀਤਾ । ਜੋ ਜਿਵੇਂ ਕਿ ਮੈਂ ਕਈ ਵਾਰ ਕਹਿ ਚੁਕਿਆਂ ਹਾਂ ਕਿ ਸਾਨੂੰ ਵੀ ਰੱਬ ਦੇ ਉਪਕਾਰਾਂ ਨੂੰ ਚੇਤੇ ਰੱਖਣਾ ਚਾਹੀਦਾ ਹੈ ਅਤੇ ਉਸਦਾ ਧੰਨਵਾਦੀ ਹੋਣਾ ਚਾਹੀਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਜਮਾਤ ਵਿੱਚ ਸ਼ਾਮਲ ਹੋਣ ਵਾਲਿਆਂ ਲਈ ਫ਼ਰਮਾਇਆ ਕਰਦੇ ਸਨ ਕਿ ਸਾਡੀ ਜਮਾਤ ਨੂੰ ਹੀ ਦੇਖ ਲਓ ਇਹ ਸਾਰੀ ਦੀ ਸਾਰੀ ਸਾਡੇ ਮੁਖਾਲਫ਼ਾਂ ਵਿੱਚੋਂ ਨਿਕਲ ਕੇ ਬਣੀ ਹੈ ਅਤੇ ਪ੍ਰਤੀਦਿਨ ਜੋ ਬੈਅਤ ਕਰਦੇ ਹਨ ਇਹ ਇਹਨਾਂ ਵਿੱਚੋਂ ਹੀ ਆਉਂਦੇ ਹਨ । ਇਹਨਾਂ ਵਿੱਚ ਗੁਣ ਤੇ ਯੋਗਤਾ ਨ ਹੋਵੇ ਤਾਂ ਇਹ ਕਿਵੇਂ ਨਿਕਲ ਕੇ ਆਉਂਦੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਬਹੁਤ ਸਾਰੇ ਪਤੱਰ ਇਸ ਪ੍ਰਕਾਰ ਦੀ ਬੈਅਤ ਕਰਨ ਵਾਲਿਆਂ ਦੇ ਆਉਂਦੇ ਹਨ, ਪਹਿਲਾਂ ਮੈਂ ਗਾਲ੍ਹਾਂ ਦਿਆ ਕਰਦ ਸ ਪਰ ਮੈਂ ਹੁਣ ਤੌਬਾ ਕਰਦਾ ਹਾਂ ਮੈਨੂੰ ਮੁਆਫ਼ ਕਰ ਦਿੱਤਾ ਜਾਵੇ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਫ਼ਰਮਾਉਂਦੇਹਨ : ਅੱਜ ਵੀ ਅਨੇਕਾਂ ਹੀ ਲੋਕ ਅਜਿਹੇ ਹਨ ਜਿੰਨ੍ਹਾਂ ਦੇ ਇਹੋ ਵਿਰੋਧਤਾ ਦੇ ਰਵੱਈਏ ਸਨ ਪਰ ਹੁਣ ਆਚਰਣ ਵਿੱਚ ਈਮਾਨਦਾਰੀ ਵਿੱਚ ਐਨ੍ਹੇ ਵਧਦੇ ਜਾ ਰਹੇ ਹਨ । ਸੋ, ਮਾਲੀ ਦੇ ਇਕ ਮੁਬਲੱਗ਼ ਸਾਹਬ ਨੇ ਸਾਨੂੰ ਲਿੱਖਿਆ ਕਿ ਸਾਡੇ ਇਕ ਮੈਂਬਰ ਜਮਾਤ ਸੁਲੈਮਾਨ ਸਾਹਬ ਹਨ । ਬੈਅਤ ਦੇ ਬਾਦ ਉਹਨਾਂ ਦੀ ਪਤਨੀ ਉਹਨਾਂ ਦੇ ਭਾਈ ਕੋਲ ਚਲੀ ਗਈ ਅਤੇ ਕਿਹਾ ਕਿ ਤੁਹਾਡਾ ਭਾਈ ਮੁਸਲਮਾਨ ਨਹੀਂ ਰਿਹਾ, ਤੁਹਾਡਾ ਭਾਈ ਅਹਮਦੀ ਹੋ ਗਿਆ ਹੈ ਹੁਣ ਮੁਸਲਮਾਨ ਨਹੀਂ ਰਿਹਾ । ਤੁਸੀਂ ਜਾਕੇ ਉਸ ਨੂੰ ਸਮਝਾਓ । ਇਸ'ਤੇ ਉਹਨਾਂ ਦੇ ਭਾਈ ਨੂੰ ਬਹੁਤ ਗੁੱਸਾ ਆਇਆ । ਉਹ ਸੁਲੈਮਾਨ ਸਾਹਬ ਕੋਲ ਆਏ ਅਤੇ ਅਹਮਦੀਅਤ ਛਡੱਣ ਲਈ ਕਿਹਾ ਅਤੇ ਕਿਹਾ ਕਿ ਜੇਕਰ ਉਹ ਅਹਮਦੀਅਤ ਨਹੀਂ ਛੱਡੇਗਾ ਤਾਂ ਮੇਰਾ ਤੁਹਾਡੇ ਨਾਲ ਕੋਈ ਸੰਬੰਧ ਨਹੀਂ ਹੋਵੇਗਾ । ਤੁਹਾਡਾ ਜਨਾਜ਼ਾ ਵੀ ਮੈਂ ਨਹੀਂ ਪੜ੍ਹਾਂਗਾ । ਪਰ ਸੁਲੈਮਾਨ ਸਾਹਬ ਨੇ ਭਾਈ ਦੀ ਕੋਈ ਪਰਵਾਹ ਨਹੀਂ ਕੀਤੀ ਅਤੇ ਅਡੋਲ ਰਹੇ । ਉਹਨਾਂ ਦੇ ਵਿਰੋਧੀ ਭਾਈ ਨੇ ਕੁਝ ਸਮਾਂ ਬਾਦ ਰੇਡੀਓ ਅਹਮਦੀਆ ਇਸ ਕਰਕੇ ਸੁਨਣਾ ਸ਼ੁਰੂ ਕੀਤਾ ਕਿ ਅਹਮਦੀਅਤ ਤੋਂ ਆਪਣੇ ਭਰਾ ਨੂੰ ਬਚਾਵਾਂਗਾ ਅਤੇ ਸੁਣਾਗਾਂ ਅਤੇ ਇਸ ਉਪੱਰ ਇਤਰਾਜ਼ ਕਰਾਂਗਾ ਪਰ ਕੁਝ ਸਮਾਂ ਬਾਦ ਆਪ ਉਹਨਾਂ ਦੇ ਵਿਰੋਧੀ ਭਾਈ ਦੀ ਮਨ ਦੀ ਅਵਸਥਾ ਬਦਲ ਗਈ ਅਤੇ ਬੈਅਤ ਕਰਕੇ ਜਮਾਤ ਵਿੱਚ ਸਾਮਲ ਹੋ ਗਏ । ਇਸੇ ਪ੍ਰਕਾਰ ਭਾਰਤ ਤੋਂ ਮੁਰੱਬੀ ਅਜਮਲ ਸਾਹਬ ਲਿੱਖਦੇ ਹਨ ਕਿ ਪ੍ਰਾਂਤ ਬੰਗਾਲ ਦੇ ਜ਼ਿਲਾ ਮੁਰਸ਼ਿਦਾਬਾਦ ਦੇ ਇਕ ਪਿੰਡ ਵਿੱਚ ਇਕ ਪ੍ਰਚਾਰਕ ਮੀਟਿੰਗ ਰੱਖੀ ਗਈ । ਇਸ ਮੀਟਿੰਗ ਵਿੱਚ ਪਿੰਡ ਦੇ ਗ਼ੈਰ ਅਹਮਦੀ ਮਸਜਿਦ ਦੀ ਕਮੇਟੀ ਦੇ ਨਿਗਰਾਨ ਅਤੇ ਮਸਜਿਦ ਦੇ ਮੁਅਜ਼ੱਨ (ਅਜ਼ਾਨ ਦੇਣ ਵਾਲਾ) ਅਤੇ ਕੁਝ ਹੋਰ ਪੜ੍ਹੇ ਲਿਖੇ ਗ਼ੈਰ ਅਹਮਦੀ ਲੋਕ ਵੀ ਸ਼ਾਮਲ ਹੋਏ । ਮੀਟਿੰਗ ਦੇ ਬਾਦ ਮਸਜਿਦ ਦੀ ਕਮੇਟੀ ਦੇ ਨਿਗਰਾਨ ਕਹਿਣ ਲੱਗੇ ਕਿ ਮੇਰਾ ਭਤੀਜਾ ਅਹਮਦੀ ਹੈ ਅਤੇ ਮੈਂ ਹਮੇਸ਼ਾ ਅਹਮਦੀਆਂ ਨਾਲ ਘ੍ਰਿਣਾ ਕਰਦਾ ਸੀ ਅਤੇ ਸਮਝਦਾ ਸੀ ਕਿ ਅਹਮਦੀ ਬੇਦੀਨ (ਅਧਰਮੀ) ਲੋਕ ਹਨ ਪਰ ਮੈਂ ਹੁਣ ਰੱਬ ਦੀ ਸੁੰਹ ਖਾਕੇ ਕਹਿੰਦਾ ਹਾਂ ਕਿ ਅਮਹਦੀ ਹੀ ਵਾਸਤਵਿਕ ਮੁਸਲਮਾਨ ਹਨ ਅਤੇ ਬਾਕੀ ਸਾਰੇ ਮੁਸਲਮਾਨ ਇਸਲਾਮ ਤੋਂ ਕੋਹਾਂ ਦੂਰ ਹਨ । ਮਗਰੋਂ ਪਿੰਡ ਵਿੱਚ ਬਹੁਾਂ ਬੈਅਤਾਂ ਵੀ ਹੋਈਆਂ ।

ਸੋ, ਇਹ ਰੱਬ ਦੇ ਕੰਮ ਹਨ ਜੋ ਉਹ ਕਰ ਰਿਹਾ ਹੈ ਅਤੇ ਜਮਾਤ ਇਹ ਚਮਤਕਾਰ ਦੇਖ ਰਹੀ ਹੈ ਅਤੇ ਨਿਸ਼ਚੇ ਹੀ ਘਟਨਾਵਾਂ ਸਾਡੇ ਈਮਾਨਾਂ ਨੂੰ ਹੋਰ ਵੀ ਮਜ਼ਬੂਤ ਕਰਦੀਆਂ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਫ਼ਰਮਾਇਆ ਕਿ ਦਿਲਾਂ ਨੂੰ ਰੋਸ਼ਨ ਕਰਨ ਲਈ ਵਿਸ਼ਵਾਸ ਦੀ ਸ਼ਕਤੀ ਨੂੰ ਵਧਾਉਣ ਦੀ ਲੋੜ ਹੈ ਆਪਣੇ ਈਮਾਨਾਂ ਨੂੰ ਹੋਰ ਵੀ ਮਜ਼ਬੂਤ ਕਰਨ ਦੀ ਲੋੜ ਹੈ ਸੋ, ਸਾਡੇ ਵਿੱਚੋਂ ਹਰ ਕਿਸੇ ਨੂੰ ਆਪਣੀ ਪੜਤਾਲ ਦੀ ਲੋੜ ਹੈ ਕਿ ਕੀ ਸਾਡੀ ਵਿਸ਼ਵਾਸ ਦੀ ਸ਼ਕਤੀ ਨਿਸ਼ਚੇ ਹੀ ਵੱਧ ਰਹੀ ਹੈ ਕੀ ਸਾਡੇ ਨਿਸ਼ਚੇ ਦੀ ਸ਼ਕਤੀ ਵੱਧ ਰਹੀ ਹੈ ਕੀ ਸਾਡਾ ਮਨ ਰੋਸ਼ਨ ਹੋ ਰਿਹਾ ਹੈ ਕੀ ਸਾਡੀ ਦੀਨ (ਧਰਮ) ਵੱਲ ਰੁਚੀ ਹੈ । ਕੀ ਅਸੀਂ ਇਸਲਾਮੀ ਆਦੇਸ਼ਾਂ ਉਪੱਰ ਅਮਲ ਕਰ ਰਹੇ ਹਾਂ । ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਸਾਨੂੰ ਆਪਣੀ ਦੀਨੀ ਹਾਲਤਾਂ ਵੱਲ ਧਿਆਨ ਦੁਆਉਂਦਿਆਂ ਹੋਇਆਂ ਫ਼ਰਮਾਉਂਦੇ ਹਨ :

ਕੁਰਆਨ ਸ਼ਰੀਫ਼ ਪੜ੍ਹੋ ਅਤੇ ਖ਼ੁਦਾ ਤੋਂ ਕਦੇ ਵੀ ਨਿਰਾਸ਼ ਨ ਹੋਵੋ । ਮੋਮਿਨ ਰੱਬ ਤੋਂ ਕਦੇ ਵੀ ਨਿਰਾਸ਼ ਨਹੀਂ ਹੁੰਦਾ ਇਹ ਕਾਫ਼ਰਾਂ ਦੀ ਆਦਤ ਵਿੱਚ ਸ਼ਾਮਲ ਹੈ ਕਿ ਉਹ ਰੱਬ ਤੋਂ ਨਿਰਾਸ਼ ਹੁੰਦੇ ਹਨ । ਸਾਡਾ ਰੱਬ 'ਅਲਾ ਕੁੱਲੇ ਸ਼ੈਇਨ ਕਦੀਰ' ਹੈ । ਕੁਰਆਨ ਸ਼ਰੀਫ਼ ਦੇ ਅਰਥ ਵੀ ਪੜ੍ਹੋ ਅਤੇ ਨਮਾਜ਼ਾਂ ਨੂੰ ਸੁਆਰ ਕੇ ਪੜ੍ਹੋ ਅਤੇ ਇਸ ਦੇ ਅਰਥਾ ਨੂੰ ਵੀ ਸਮਝੋ । ਆਪਣੀ ਭਾਸ਼ਾ ਵਿੱਚ ਦੁਆਵਾਂ ਕਰੋ । ਕੁਰਆਨ ਸ਼ਰੀਫ਼ ਨੂੰ ਇਕ ਮਮੂਲੀ ਕਿਤਾਬ ਸਮਝਕੇ ਨ ਪੜ੍ਹੋ ਸਗੋਂ ਇਸ ਨੂੰ ਰੱਬ ਦਾ ਕਲਾਮ ਸਮਝਕੇ ਪੜ੍ਹੋ । ਨਮਾਜ਼ ਨੂੰ ਇਉਂ ਪੜ੍ਹੋ ਜਿਵੇਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਪੜ੍ਹਦੇ ਸਨ । ਤੁਹਾਨੂੰ ਜੋ ਦੁਆਵਾਂ ਕਰਨੀਆਂ ਹੋਣ ਨਮਾਜ਼ ਵਿੱਚ ਕਰ ਲਿਆ ਕਰੋ ਅਤੇ ਦੁਆਵਾਂ ਦੇ ਸਾਰੇ ਆਦਾਬ ਨੂੰ ਸੰਮੁੱਖ ਰੱਖਕੇ ਸਮਝ ਸਮਝ ਕੇ ਸਾਰੀ ਨਮਾਜ਼ ਪੜ੍ਹ ਲਓ ਅਤੇ ਫਿਰ ਇਸੇ ਮਤਲਬ ਨੂੰ ਸਮਝ ਕੇ ਸਮਾਜ਼ ਪੜ੍ਹੋ । ਇਹ ਨਿਸ਼ਚੇ ਜਾਣੋ ਕਿ ਮਨੁੱਖ ਵਿੱਚ ਸੱਚੀ ਤੌਹੀਦ ਆ ਹੀ ਨਹੀਂ ਸਕਦੀ ਜੱਦ ਤੱਕ ਉਹ ਨਮਾਜ਼ ਨੂੰ ਤੋਤੇ ਵਾਂਗ ਪੜ੍ਹਦਾ ਹੈ । ਆਤਮਾ ਉਪੱਰ ਉਹ ਪ੍ਰਭਾਵ ਨਹੀਂ ਪੈਂਦਾ ਅਤੇ ਧਕੱਾ ਨਹੀਂ ਲੱਗਦਾ ਜੋ ਉਸਨੂੰ ਕਮਾਲ ਦਰਜੇ ਤੱਕ ਪਹੁੰਚਾਉਂਦੀ ਹੈ । ਫ਼ਰਮਾਇਆ ਕਿ ਅਕੀਦਾ ਵੀ ਇਹੋ ਰੱਖੋ ਕਿ ਰੱਬ ਦਾ ਕੋਈ ਸਾਨੀ ਅਤੇ ਉਧਾਰਣ ਨਹੀਂ ਹੈ ਅਤੇ ਆਪਣੇ ਅਮਲਾਂ ਨਾਲ ਵੀ ਇਹੋ ਸਾਬਤ ਕਰਕੇ ਦਿਖਾਓ ।

ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ਕਿ ਕਿ ਅਸੀਂ ਰੱਬ ਨਾਲ ਆਪਣਾ ਸੰਬੰਧ ਮਜ਼ਬੂਤ ਕਰਨ ਵਾਲੇ ਹੋਈਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਉਣ ਦੇ ਮੰਤਵ ਨੂੰ ਸਮਝਣ ਵਾਲੇ ਹੋਈਏ । ਅਤੇ ਜਮਾਤ ਦੇ ਇਕ ਕ੍ਰਿਆਸ਼ੀਲ ਤੇ ਪੱਕਾ ਹਿਸੱਾ ਬਣੀਏ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਸਿੱਖਿਆ ਨੂੰ ਦੁਨੀਆ ਵਿੱਚ ਫੈਲਾਉਣ ਵਾਲੇ ਹੋਈਏ ਅਤੇ ਰੱਬ ਦੇ ਉਪਹਾਰਾਂ ਦੇ ਸਦਾ ਹੀ ਵਾਰਸ ਬਣਦੇ ਚਲੇ ਜਾਈਏ ।

**Khulasa Khutba 16.10.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131